# President of India addresses Indian Community and Friends of India in Bangladesh on the concluding day of his visit to the Country

December 17, 2021

.......................................................................................................................

## ਭਾਰਤੀ ਰਾਸ਼ਟਰਪਤੀ ਨੇ ਬੰਗਲਾਦੇਸ਼ ਦੀ ਆਪਣੀ ਫੇਰੀ ਦੇ ਆਖ਼ਰੀ ਦਿਨ ਬੰਗਲਾਦੇਸ਼ ਵਿੱਚ ਭਾਰਤੀ ਸਮੁਦਾਏ ਅਤੇ ਭਾਰਤ ਦੇ ਮਿੱਤਰਾਂ ਨੂੰ ਸੰਬੋਧਿਤ ਕੀਤਾ

**17 ਦਸੰਬਰ, 2021**

ਬੰਗਲਾਦੇਸ਼ ਦੀ ਆਪਣੀ ਫੇਰੀ ਦੇ ਆਖਰੀ ਦਿਨ (17 ਦਸੰਬਰ, 2021) ਭਾਰਤ ਦੇ ਰਾਸ਼ਟਰਪਤੀ ਸ਼੍ਰੀ ਰਾਮ ਨਾਥ ਕੋਵਿੰਦ ਢਾਕਾ ਵਿੱਚ ਭਾਰਤੀ ਸਮੁਦਾਏ ਅਤੇ ਭਾਰਤ ਦੇ ਮਿੱਤਰਾਂ ਵੱਲੋਂ ਕੀਤੇ ਗਏ ਸਵਾਗਤ ਸਮਾਰੋਹ ਵਿੱਚ ਸ਼ਾਮਲ ਹੋਏ, ਜਿਸ ਦੀ ਮੇਜ਼ਬਾਨੀ ਭਾਰਤ ਦੇ ਹਾਈ ਕਮਿਸ਼ਨਰ ਸ਼੍ਰੀ ਵਿਕਰਮ ਕੇ ਡੋਰਾਇਸਵਾਮੀ ਨੇ ਕੀਤੀ।

ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਰਾਸ਼ਟਰਪਤੀ ਨੇ ਕਿਹਾ ਕਿ ਇਸ ਬੈਠਕ ਤੋਂ ਠੀਕ ਪਹਿਲਾਂ ਉਨ੍ਹਾਂ ਨੂੰ ਢਾਕਾ ਵਿਖੇ ਮੁਰੰਮਤ ਕੀਤੇ ਇਤਿਹਾਸਕ ਰਾਮਨਾ ਕਾਲੀ ਮੰਦਰ ਦਾ ਉਦਘਾਟਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਬੰਗਲਾਦੇਸ਼ ਅਤੇ ਭਾਰਤ ਦੀਆਂ ਸਰਕਾਰਾਂ ਅਤੇ ਲੋਕਾਂ ਨੇ ਆਜ਼ਾਦੀ ਦੀ ਲੜਾਈ ਦੌਰਾਨ ਪਾਕਿਸਤਾਨੀ ਫੌਜਾਂ ਦੁਆਰਾ ਢਾਹੇ ਗਏ ਮੰਦਰ ਨੂੰ ਬਹਾਲ ਕਰਨ ਵਿੱਚ ਮਦਦ ਕੀਤੀ। ਕਾਬਜ਼ ਫੌਜਾਂ ਵੱਲੋਂ ਵੱਡੀ ਗਿਣਤੀ ਵਿੱਚ ਲੋਕ ਮਾਰੇ ਗਏ ਸਨ। ਉਨ੍ਹਾਂ ਨੇ ਕਿਹਾ ਕਿ ਇਹ ਮੰਦਰ ਭਾਰਤ ਅਤੇ ਬੰਗਲਾਦੇਸ਼ ਦੇ ਲੋਕਾਂ ਦਰਮਿਆਨ ਅਧਿਆਤਮਿਕ ਅਤੇ ਸੱਭਿਆਚਾਰਕ ਸਾਂਝ ਦਾ ਪ੍ਰਤੀਕ ਹੈ।

ਰਾਸ਼ਟਰਪਤੀ ਨੇ ਕਿਹਾ ਕਿ ਬੰਗਲਾਦੇਸ਼ ਦਾ ਭਾਰਤੀਆਂ ਦੇ ਦਿਲਾਂ ਵਿੱਚ ਵਿਸ਼ਿਸ਼ ਸਥਾਨ ਹੈ। ਸਾਡਾ ਇੱਕ ਵਿਲੱਖਣ ਨਜ਼ਦੀਕੀ ਰਿਸ਼ਤਾ ਹੈ ਜੋ ਸਦੀਆਂ ਪੁਰਾਣੇ ਸਬੰਧਾਂ, ਸਾਂਝੀ ਭਾਸ਼ਾ ਅਤੇ ਸੱਭਿਆਚਾਰ 'ਤੇ ਅਧਾਰਿਤ ਹੈ। ਸਾਡੇ ਸਬੰਧਾਂ ਨੂੰ ਦੋਵਾਂ ਦੇਸ਼ਾਂ ਦੀ ਸਮਝਦਾਰ ਲੀਡਰਸ਼ਿਪ ਨੇ ਪਾਲਿਆ ਪੋਸਿਆ ਹੈ।

ਰਾਸ਼ਟਰਪਤੀ ਨੇ ਕਿਹਾ ਕਿ ਬੰਗਲਾਦੇਸ਼ ਅੰਦਰ ਪ੍ਰਗਤੀਸ਼ੀਲ, ਸਮਾਵੇਸ਼ੀ, ਜਮਹੂਰੀ ਅਤੇ ਸਦਭਾਵਨਾ ਵਾਲੇ ਸਮਾਜ ਦੇ ਬੁਨਿਆਦੀ ਮੁੱਲਾਂ ਨੂੰ ਕਾਇਮ ਰਖਿਆ ਜਾਣਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਪ੍ਰਮੁੱਖ ਯੋਗਦਾਨਾਂ ਵਿੱਚੋਂ ਇੱਕ ਹੈ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਭਾਰਤ ਅਜਿਹੇ ਬੰਗਲਾਦੇਸ਼ ਦੇ ਸਮਰਥਨ ਵਿੱਚ ਖੜ੍ਹਾ ਹੋਵੇਗਾ ਜੋ ਇਸ ਦੇਸ਼ ਦੇ ਮੁਕਤੀ ਅੰਦੋਲਨ ਤੋਂ ਉਭਰਨ ਵਾਲੀਆਂ ਕਦਰਾਂ-ਕੀਮਤਾਂ ਨੂੰ ਦਰਸਾਉਂਦਾ ਹੈ।

ਰਾਸ਼ਟਰਪਤੀ ਨੂੰ ਇਹ ਵੇਖਕੇ ਖੁਸ਼ੀ ਹੋਈ ਕਿ ਦੋਵਾਂ ਦੇਸ਼ਾਂ ਦੀ ਲੀਡਰਸ਼ਿਪ ਇਸ ਗੱਲ ਤੋਂ ਜਾਣੂ ਹੈ ਕਿ ਸਾਡੇ ਵਿਕਾਸ ਦੇ ਚਾਲ-ਚਲਣ ਆਪਸ ਵਿੱਚ ਜੁੜੇ ਹੋਏ ਹਨ ਅਤੇ ਸਰੋਤਾਂ ਅਤੇ ਤਜਰਬਿਆਂ ਦੀ ਵੰਡ ਟਿਕਾਊ ਵਿਕਾਸ ਦਾ ਮੰਤਰ ਹੈ। ਉਨ੍ਹਾਂ ਨੂੰ ਇਹ ਵੇਖਕੇ ਖੁਸ਼ੀ ਹੋਈ ਕਿ ਦੋਵਾਂ ਪੱਖਾਂ ਨੇ ਸਾਡੇ ਵਿਕਾਸ ਨੂੰ ਸਮਾਵੇਸ਼ੀ, ਟਿਕਾਊ ਅਤੇ ਵਾਤਾਵਰਨ ਪੱਖੀ ਬਣਾਉਣ ਲਈ ਮਜ਼ਬੂਤ ਵਚਨਬੱਧਤਾਵਾਂ ਕੀਤੀਆਂ ਹਨ। ਉਨ੍ਹਾਂ ਨੇ ਕਿਹਾ ਕਿ ਉਹ ਹਰੀ ਊਰਜਾ ਅਤੇ ਕਲੀਨ ਟੈਕਨਾਲੋਜੀ ਦੇ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਵਿੱਚ ਵੱਡੀ ਸੰਭਾਵਨਾ ਦੇਖਦੇ ਹਨ।

ਰਾਸ਼ਟਰਪਤੀ ਨੇ ਕਿਹਾ ਕਿ ਭਾਰਤ, ਜਿਸਦੀਆਂ ਭੂਟਾਨ ਅਤੇ ਨੇਪਾਲ ਨਾਲ ਵੀ ਜ਼ਮੀਨੀ ਸਰਹੱਦਾਂ ਹਨ, ਇਸ ਤੱਥ ਪ੍ਰਤੀ ਸੁਚੇਤ ਹੈ ਕਿ ਚੰਗੀ ਤਰ੍ਹਾਂ ਜੁੜਿਆ ਅਤੇ ਬਿਹਤਰ ਏਕੀਕ੍ਰਿਤ ਉਪ ਖੇਤਰ ਸਾਡੇ ਲੋਕਾਂ ਦੇ ਜੀਵਨ ਪੱਧਰ ਨੂੰ ਪ੍ਰਾਪਤ ਕਰਨ ਅਤੇ ਉਨ੍ਹਾਂ ਦੇ ਵਿਕਾਸ ਲਈ ਮਹੱਤਵਪੂਰਨ ਹੈ। ਇਸ ਭਾਵਨਾ ਵਿੱਚ ਭਾਰਤ ਬੰਗਲਾਦੇਸ਼ ਨੂੰ ਮਜ਼ਬੂਤ

ਅਰਥਵਵਿਸਥਾ ਵੱਲ ਇਸਦੀ ਯਾਤਰਾ ਵੱਿਚ ਸਹਾਇਤਾ ਕਰਨ ਪ੍ਰਤੀ ਵਚਨਬੱਧ ਹੈ ਅਤੇ ਬੰਗਲਾਦੇਸ਼ ਦੇ ਵਧੇਰੇ ਖੁਸ਼ਹਾਲੀ ਵੱਲ ਵਧਣ ਵਿਚ ਨਾਲ ਸਾਂਝੇਦਾਰੀ ਕਰਨ ਲੀ ਤਿਆਰ ਹੈ। ਉਨ੍ਹਾਂ ਨੇ ਦੋਵਾਂ ਪਾਸਿਆਂ ਦੇ ਵਪਾਰਕ ਸਮੁਦਾਏ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਮੌਕੇ ਦਾ ਫਾਇਦਾ ਚੁੱਕਣ ਲਈ ਵਪਾਰਕ ਅਤੇ ਆਰਥਕਿ ਸਬੰਧਾਂ, ਖਾਸ ਕਰਕੇ ਬੰਗਲਾਦੇਸ਼ ਅਤੇ ਭਾਰਤ ਦੇ ਉੱਤਰ ਪੂਰਬੀ ਖੇਤਰ ਵਿਚ, ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਉਣ।

ਬੰਗਲਾਦੇਸ਼ ਵੱਿਚ ਭਾਰਤੀ ਸਮੁਦਾਏ ਦੀ ਸ਼ਲਾਘਾ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਨੇ ਬੰਗਲਾਦੇਸ਼ ਵੱਿਚ ਮਹੱਤਵ ਦੇ ਵੱਖ-ਵੱਖ ਖੇਤਰਾਂ ਵੱਿਚ ਆਪਣੀ ਪਛਾਣ ਬਣਾਈ ਹੈ। ਜਿੱਥੇ ਉਨ੍ਹਾਂ ਨੇ ਬੰਗਲਾਦੇਸ਼ ਦੇ ਆਰਥਕਿ ਅਤੇ ਸਮਾਜਕਿ ਵਕਿਾਸ ਵੱਿਚ ਯੋਗਦਾਨ ਪਾਇਆ ਹੈ, ਉੱਥੇ ਹੀ ਉਨ੍ਹਾਂ ਨੇ ਭਾਰਤ-ਬੰਗਲਾਦੇਸ਼ ਦੇ ਲੰਬੇ ਸਮੇਂ ਤੋਂ ਚੱਲ ਰਹੇ, ਨਜ਼ਦੀਕੀ ਦੁਵੱਲੇ ਸਬੰਧਾਂ ਨੂੰ ਵੀ ਮਜ਼ਬੂਤ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤੀ ਸਮੁਦਾਏ  ਸਾਡੇ ਖੇਤਰ ਵੱਿਚ ਖੁਸ਼ਹਾਲੀ ਲਿਆ ਕੇ ਭਾਰਤ ਦਾ ਮਾਣ ਵਧਾ ਰਿਹਾ ਹੈ। ਅਜਿਹਾ ਕਰਦੇ ਹੋਏ ਉਨ੍ਹਾਂ ਨੇ ਸਾਡੇ ਦੇਸ਼ ਦੀਆਂ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਦਾ ਵੀ ਪਾਲਣ ਕੀਤਾ ਹੈ, ਜੋ ਬੰਗਲਾਦੇਸ਼ ਅਤੇ ਸਾਡੀ ਸਾਂਝੀ ਵਰਿਾਸਤ ਦਾ ਵੀ ਹੱਿਸਾ ਹਨ।

ਰਾਸ਼ਟਰਪਤੀ ਨੇ ਕਿਹਾ ਕਿ ਦੁਨੀਆਂ ਦੇ ਸਾਰੇ ਹੱਿਸਿਆਂ ਵੱਿਚ ਭਾਰਤੀ ਨਾਗਰਕਿਾਂ ਦੀ ਸੁਰੱਖਿਆ, ਕਲਿਆਣ ਅਤੇ ਤੰਦਰੁਸਤੀ ਸਾਡੀ ਸਰਕਾਰ ਦੀ ਤਰਜੀਹ ਹੈ। ਦੁਨੀਆ ਦੇ ਹਰ ਕੋਨੇ ਵੱਿਚ ਪਿਛਲੇ ਡੇਢ ਸਾਲਾਂ ਵੱਿਚ ਸਰਕਾਰ ਨੇ COVID  -19 ਮਹਾਂਮਾਰੀ ਦੇ ਸਭ ਤੋਂ ਭੈੜੇ ਪੜਾਅ ਦੌਰਾਨ ਸਾਡੇ ਨਾਗਰਕਿਾਂ ਨੂੰ ਘਰ ਵਾਪਸ ਲਿਆਉਣ ਲਈ ਵਸ਼ਿੇਸ਼ ਯਤਨ ਕੀਤੇ ਹਨ। ਉਨ੍ਹਾਂ  ਨੇ ਕਿਹਾ ਕਿ ਸਰਕਾਰ ਵਦਿੇਸ਼ਾਂ ਵੱਿਚ ਰਹਣਿ ਵਾਲੇ ਸਾਡੇ ਨਾਗਰਕਿਾਂ ਦੇ ਨਾਲ-ਨਾਲ ਸਾਡੇ ਪਰਵਾਸੀ ਲੋਕਾਂ ਨਾਲ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਸਾਰੇ ਜ਼ਰੂਰੀ ਕਦਮ ਚੁੱਕਦੀ ਰਹੇਗੀ। ਉਨ੍ਹਾਂ ਨੇ ਖੁਸ਼ੀ ਪ੍ਰਗਟਾਈ ਕਿ ਢਾਕਾ ਵੱਿਚ ਭਾਰਤੀ ਹਾਈ ਕਮਸ਼ਿਨ ਸਾਡੇ 'ਵੰਦੇ ਭਾਰਤ ਮਸ਼ਿਨ' ਅਤੇ ਸੰਕਟ ਵੱਿਚ ਘਰਿ ਭਾਰਤੀ ਨਾਗਰਕਿਾਂ ਲਈ ਹੋਰ ਭਲਾਈ ਗਤੀਵਧਿੀਆਂ ਵੱਿਚ ਸਭ ਤੋਂ ਅੱਗੇ ਸੀ।

ਰਾਸ਼ਟਰਪਤੀ ਨੇ ਕਿਹਾ ਕਿ ਇਸ ਵਲਿੱਖਣ ਸਾਲ ਵੱਿਚ ਜਦੋਂ ਅਸੀ ਆਜ਼ਾਦੀ ਦੀ ਲੜਾਈ ਦੀ ਗੋਲਡਨ ਜੁਬਲੀ , ਬੰਗਬੰਧੂ ਦੀ ਜਨਮ ਸ਼ਤਾਬਦੀ ਅਤੇ ਸਾਡੀ ਦੋਸਤੀ ਦੀ 50ਵੀ ਵਰ੍ਹੇਗੰਢ ਦੇ ਨਾਲ-ਨਾਲ ਭਾਰਤ ਦੀ ਆਜ਼ਾਦੀ ਦੀ 75ਵੀ ਵਰ੍ਹੇਗੰਢ ਮਨਾ ਰਹੇ ਹਾਂ, ਸਾਨੂੰ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਆਪਣੇ ਆਪ ਨੂੰ ਸਮਰਪਤਿ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਭਰੋਸਾ ਪ੍ਰਗਟਾਇਆ ਕਿ 1971 ਵੱਿਚ ਖੂਨ ਅਤੇ ਕੁਰਬਾਨੀਆਂ ਨਾਲ ਬਣਿਆ ਬੰਧਨ ਭਵੱਿਖ ਵੱਿਚ ਵੀ ਸਾਡੀਆਂ ਕੌਮਾਂ ਨੂੰ ਜੋੜਦਾ ਰਹੇਗਾ।

ਨਵੀ ਦਿੱਲੀ
17 ਦਸੰਬਰ, 2021

DISCLAIMER: This is an approximate translation. The original is available in English on MEA's website and may be referred to as the official press release.